ਇਮੀਗ੍ਰੇਸ਼ਨ ਅਤੇ ਨਾਗਰਿਕ ਬਣਾਉਣ ਲਈ ਸੇਵਾਵਾਂ [Immigration and Naturalization Service] (INS) ਹੁਣ ਦੇਸ਼ ਦੀ ਸੁਰਖਿਆ ਵਿਭਾਗ [Department of Homeland Security] (DHS) ਦਾ ਇਕ ਹਿਸਾ ਹੈ, ਅਤੇ ਇਸ ਦਾ ਨਾਂ ਮੁੜ ਤੋ ਰਖਿਆ ਅਤੇ ਪ੍ਰਵਾਨ ਕੀਤਾ ਗਿਆ ਹੈ:

1. ਨਾਗਰਿਕਤਾ ਅਤੇ ਇਮੀਗਰੇਸ਼ਨ ਸੇਵਾਵਾਂ ਬਾਰੇ ਬਿਊਰੋ [The Bureau of Citizenship and Immigration Services (BCIS)]
2. ਕਸਟਮ ਅਤੇ ਸਰਹਦੀ ਸੁਰਖਿਆ ਬਾਰੇ ਬਿਊਰੋ [The Bureau of Customs and Border Protection (CBP)]
3. ਇਮੀਗ੍ਰੇਸ਼ਨ ਅਤੇ ਕਸਟਮ ਲਾਗੂ ਕਰਨ ਬਾਰੇ ਬਿਊਰੋ [The Bureau of Immigration and Customs Enforcement (ICE)]

ਇਹ ਤਿੰਨੇ ਬਿਊਰੋ ਡੀਐਚਐਸ ਦਾ ਹਿੱਸਾ ਹਨ ਅਤੇ ਇਸ ਪੁਸਤਿਕਾ ਵਿਚ ਇਹ ''ਡੀਐਚਐਸ'' ਵਜੋਂ ਹੀ ਜਾਣੇ ਜਾਂਦੇ ਹਨ।

## I. ਜੇ ਪੁਲਿਸ, ਐਫ਼ਬੀਆਈ ਜਾਂ ਡੀਐਚਐਸ ਦੇ ਏਜੰਟ ਮੇਰੇ ਕੋਲ ਆਉਣ ਤਾਂ ਕੀ ਕਰਾਂ ?

ਸਵਾਲ:: ਕੀ ਮੈਨੂੰ ਇਹਨਾਂ ਏਜੰਟਾਂ ਦੇ ਸਵਾਲਾਂ ਦੇ ਉਤਰ ਦੇਣੇ ਹੋਣਗੇ ?
ਜਵਾਬ:: ਤੁਹਾਨੂੰ ਚੁੱਪ ਰਹਿਣ ਦਾ ਸੰਵਿਧਾਨਕ ਹੱਕ ਹੈ, ਸਵਾਲਾਂ ਦਾ ਜਵਾਬ ਦੇਣ ਤੋਂ ਇਨਕਾਰੀ ਹੋਣਾ ਜੁਰਮ ਨਹੀਂ ਹੈ। ਜਵਾਬ ਦੇਣ ਲਈ ਸਹਿਮਤੀ ਦੇਣ ਤੋਂ ਪਹਿਲਾਂ ਆਪਣੇ ਵਕੀਲ ਨਾਲ ਸਲਾਹ ਕਰਨੀ ਚੰਗਾ ਵਿਹਾਰ ਹੈ। ਤੁਹਾਨੂੰ ਕਿਸੇ ਨਾਲ ਵੀ ਕੋਈ ਗੱਲ ਕਰਨ ਦੀ ਲੋੜ ਨਹੀਂ, ਭਾਵੇਂ ਤੁਹਾਨੂੰ ਗਿਰਫਤਾਰ ਵੀ ਕਰ ਲਿਆ ਹੋਵੇ ਅਤੇ ਜਾਂ ਤੁਸੀ ਜੇਲ੍ਹ ਵਿਚ ਹੋਵੋ। ਸਿਰਫ਼ ਇਕ ਜੱਜ ਹੀ ਤੁਹਾਨੂੰ ਸਵਾਲਾਂ ਦੇ ਜਵਾਬ ਦੇਣ ਲਈ ਕਹਿ ਸਕਦਾ ਹੈ।

ਸਵਾਲ : ਕੀ ਮੈਂ ਵਕੀਲ ਨਾਲ ਗੱਲ ਕਰ ਸਕਦਾ ਹਾਂ ?
ਜਵਾਬ: ਤੁਹਾਨੂੰ ਪੁਲਿਸ ਤੁਹਾਡਾ ਹੱਕ ਦਸਦੀ ਹੈ ਜਾਂ ਨਹੀਂ, ਸਵਾਲਾਂ ਦਾ ਜਵਾਬ ਦੇਣ ਤੋਂ ਪਹਿਲਾਂ ਤੁਹਾਨੂੰ ਵਕੀਲ ਨਾਲ ਗੱਲ ਕਰਨ ਦਾ ਹੱਕ ਹੈ। ਵਕੀਲ ਦਾ ਕੰਮ ਤੁਹਾਡੇ ਹੱਕਾਂ ਦੀ ਰਾਖੀ ਕਰਨਾ ਹੈ। ਇਕ ਵਾਰੀ ਤੁਹਾਡੇ ਇਹ ਕਹਿਣ ਤੇ ਕਿ ਤੁਸੀ ਵਕੀਲ ਨਾਲ ਗੱਲ ਕਰਨਾ ਚਾਹੁੰਦੇ ਹੋ ਅਫ਼ਸਰਾਂ ਨੂੰ ਤੁਹਾਡੇ ਤੋਂ ਸਵਾਲ ਕਰਨੇ ਬੰਦ ਕਰ ਦੇਣੇ ਚਾਹੀਦੇ ਹਨ। ਜੇ ਤੁਹਾਡੇ ਕੋਲ ਵਕੀਲ ਨਹੀਂ ਹੈ, ਤਾਂ ਵੀ ਤੁਸੀਂ ਅਫ਼ਸਰ ਨੂੰ ਕਹਿ ਸਕਦੇ ਹੋ ਕਿ ਤੁਸੀਂ ਸਵਾਲਾਂ ਦਾ ਜਵਾਬ ਦੇਣ ਤੋਂ ਪਹਿਲਾਂ ਵਕੀਲ ਨਾਲ ਗੱਲ ਕਰਨਾ ਚਾਹੁੰਦੇ ਹੋ। ਜੇ ਤੁਹਾਡੇ ਕੋਲ ਵਕੀਲ ਹੈ, ਤਾਂ ਉਸ ਦਾ ਵਿਜ਼ਿਟਿੰਗ ਕਾਰਡ ਆਪਣੇ ਕੋਲ ਰਖੋ। ਇਹ ਉਸ ਅਫ਼ਸਰ ਨੂੰ ਵਿਖਾ ਦਿਓ ਅਤੇ ਉਸ ਨੂੰ ਕਹੋ ਕਿ ਉਹ ਤੁਹਾਡੇ ਵਕੀਲ ਨੂੰ ਬੁਲਾ ਦੇਵੇ। ਕਿਸੇ ਵੀ ਪੜਤਾਲੀਆ ਏਜੰਸੀ, ਜੋ ਤੁਹਾਡੇ ਕੋਲ ਪੜਤਾਲ ਲਈ ਆਵੇ, ਉਸ ਦਾ ਨਾਂ, ਟੈਲੀਫ਼ੋਨ ਨੰਬਰ ਯਾਦ ਨਾਲ ਉਸ ਕੋਲੋਂ ਲੈ ਲਓ ਅਤੇ ਇਹ ਜਾਣਕਾਰੀ ਆਪਣੇ ਵਕੀਲ ਨੂੰ ਦਿਓ।

ਸਵਾਲ : ਕੀ ਏਜੰਟ ਮੇਰੇ ਘਰ ਜਾਂ ਦਫ਼ਤਰ ਦੀ ਤਲਾਸ਼ੀ ਲੈ ਸਕਦਾ ਹੈ ?
ਜਵਾਬ: ਪੁਲਿਸ ਜਾਂ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਦੇ ਲੋਕ ਤੁਹਾਡੇ ਘਰ ਦੀ ਤਲਾਸ਼ੀ ਤੁਹਾਡੀ ਇਜਾਜ਼ਤ ਤੋਂ ਬਗੈਰ ਨਹੀਂ ਲੈ ਸਕਦੇ ਅਤੇ ਜਾਂ ਉਨ੍ਹਾਂ ਕੋਲ ਤਲਾਸ਼ੀ ਦੇ ਵਾਰੰਟ ਹੋਣ। ਸਰਚ ਵਾਰੰਟ ਕੋਰਟ ਦੇ ਹੁਕਮ ਹੁੰਦੇ ਹਨ, ਜੋ ਪੁਲਿਸ ਨੂੰ ਨਿਸ਼ਚਿਤ ਤਲਾਸ਼ੀ ਲੈਣ ਦਾ ਹੱਕ ਦਿੰਦੇ ਹਨ। ਇਸ ਵਿਚ ਦਖ਼ਲਅੰਦਾਜੀ ਕਰਕੇ ਤੁਸੀ ਸ਼ਾਇਦ ਨਹੀ ਰੋਕ ਸਕਦੇ ਅਤੇ ਤੁਹਾਨੂੰ ਇਸਦੀ ਉਲੰਘਣਾ ਕਰਨ ਤੇ ਗਿਰਫ਼ਤਾਰ ਵੀ ਕੀਤਾ ਜਾ ਸਕਦਾ ਹੈ। ਪਰ ਤੁਸੀ ਸਾਫ਼ ਤੌਰ ਤੇ ਕਹਿ ਸਕਦੇ ਹੋ ਕਿ ਤੁਸੀਂ ਇਸ ਨਾਲ ਸਹਿਮਤੀ ਨਹੀ ਪ੍ਰਗਟਾਈ ਅਤੇ ਇਹ ਤਲਾਸ਼ੀ ਤੁਹਾਡੀ ਮਰਜ਼ੀ ਦੇ ਉਲਟ ਹੈ। ਜੇ ਪੁਲਿਸ ਸਮਝੇ ਕਿ ਤੁਹਾਡਾ ਰੂਮ ਮੇਟ, ਜਾਂ ਪ੍ਰਾਹੁਣੇ ਨੂੰ ਇਜਾਜ਼ਤ ਦੇਣ ਦਾ ਹੱਕ ਹੈ, ਤਾਂ ਉਹ ਕਾਨੂੰਨੀ ਤੌਰ ਤੇ ਤੁਹਾਡੇ ਘਰ ਦੀ ਤਲਾਸ਼ੀ ਵਾਸਤੇ ਤੁਹਾਡੀ ਮਰਜ਼ੀ ਤੋਂ ਬਗੈਰ ਇਜਾਜ਼ਤ ਦੇ ਸਕਦਾ ਹੈ। ਤੁਹਾਡੇ ਦਫ਼ਤਰ ਦੀ ਤਲਾਸ਼ੀ ਲਈ ਸਹਿਮਤੀ ਦੇ ਸਕਦਾ ਹੈ। ਤੁਹਾਡੇ ਦਫ਼ਤਰ ਦੀ ਤਲਾਸ਼ੀ ਵਾਸਤੇ ਪੁਲਿਸ ਅਤੇ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਕੋਲ ਤਲਾਸ਼ੀ ਵਾਰੰਟ ਹੋਣੇ ਜ਼ਰੂਰੀ ਹਨ। ਪਰ ਤੁਹਾਡਾ ਨੌਕਰੀਦਾਤਾ ਤੁਹਾਡੇ ਕੰਮ ਕਰਨ ਵਾਲੀ ਜਗ੍ਹਾ ਦੀ ਤਲਾਸ਼ੀ ਵਾਸਤੇ, ਤੁਹਾਡੀ ਮਰਜ਼ੀ ਤੋਂ ਬਗੈਰ ਇਜਾਜ਼ਤ ਦੇ ਸਕਦਾ ਹੈ।

ਸਵਾਲ: ਜੇ ਏਜੰਟ ਕੋਲ ਤਲਾਸ਼ੀ ਦੇ ਵਾਰੰਟ ਹੋਣ ਤਾਂ ਕੀ ?
ਜਵਾਬ: ਜੇ ਏਜੰਟ ਤੁਹਾਡੀ ਮੌਜੂਦਗੀ ਵਿਚ ਤਲਾਸ਼ੀ ਲੈਣ ਆਉਣ, ਤਾਂ ਤੁਸੀ ਵਾਰੰਟ ਭੇਜਣ ਲਈ ਕਹਿ ਸਕਦੇ ਹੋ। ਵਾਰੰਟ ਵਿਚ ਵਿਸਥਾਰ ਪੂਰਬਕ ਦਸਿਆ ਹੋਣਾ ਚਾਹੀਦਾ ਹੈ, ਕਿਹੜੀ ਕਿਹੜੀ ਥਾਂ ਦੀ ਤਲਾਸ਼ੀ ਲੈਣੀ ਹੈ ਅਤੇ ਕਿਹੜੇ ਕਿਹੜੇ ਬੰਦੇ ਨੂੰ ਅਤੇ ਕਿਹੜੀ ਕਿਹੜੀ ਚੀਜ ਨੂੰ ਨਾਲ ਲੈ ਜਾਣਾ ਹੈ। ਆਪਣੇ ਵਕੀਲ ਨੂੰ ਜਿੰਨੀ ਜਲਦੀ ਹੋ ਸਕੇ ਬੁਲਾ ਲਓ। ਪੁਛ ਲਓ ਕਿ ਕੀ ਤੁਸੀ ਤਲਾਸ਼ੀ ਹੁੰਦੀ ਵੇਖ ਸਕਦੇ ਹੋ। ਜੇ ਤੁਹਾਨੂੰ ਇਜਾਜ਼ਤ ਹੈ, ਤਾਂ ਤੁਸੀ ਉਨ੍ਹਾਂ ਦੇ ਨਾਂ ਅਤੇ ਬੈਜ ਨੰਬਰ ਅਤੇ ਕਿਹੜਾ ਕਿਹੜਾ ਅਫਸਰ ਕਿਹੜੀ ਕਿਹੜੀ ਏਜੰਸੀ ਨਾਲ ਸੰਬੰਧਤ ਹੈ ਅਤੇ ਉਨ੍ਹਾਂ ਕਿਥੇ ਕਿਥੇ ਤਲਾਸ਼ੀ ਲਈ ਹੈ ਅਤੇ ਉਨ੍ਹਾਂ ਨੇ ਕੀ ਕੀ ਲਿਆ ਹੈ, ਸਾਰੀਆਂ ਗੱਲਾਂ ਨੋਟ ਕਰ ਲਓ। ਜੇ ਉਸ ਵੇਲੇ ਕੋਈ ਹੋਰ ਮੌਜੂਦ ਹੈ, ਤਾਂ ਉਨ੍ਹਾਂ ਨੂੰ ਗਵਾਹ ਵਜੋਂ, ਜੋ ਕੁਝ ਵਾਪਰ ਰਿਹਾ ਹੈ ਉਸ ਨੂੰ ਧਿਆਨ ਨਾਲ ਵੇਖਣ ਲਈ ਕਹੋ।

ਸਵਾਲ:: ਜੇ ਪੁਲਿਸ ਕੋਲ ਤਲਾਸ਼ੀ ਵਾਰੰਟ ਹੋਣ, ਤਾਂ ਕੀ ਮੈਨੂੰ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦੇਣੇ ਪੈਣਗੇ ?
ਜਵਾਬ: ਤਲਾਸ਼ੀ ਦੇ ਵਾਰੰਟ ਦਾ ਮਤਲਬ ਇਹ ਨਹੀਂ ਕਿ ਤੁਹਾਨੂੰ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦੇਣੇ ਪੈਣਗੇ।

ਸਵਾਲ: ਜੇ ਏਜੰਟਾਂ ਕੋਲ ਤਲਾਸ਼ੀ ਵਾਰੰਟ ਨਾ ਹੋਣ ਤਾਂ ਕੀ ?
ਜਵਾਬ: ਤੁਸੀਂ ਪੁਲਿਸ ਨੂੰ ਆਪਣੇ ਘਰ ਦੀ ਤਲਾਸ਼ੀ ਨਾ ਲੈਣ ਦਿਓ ਅਤੇ ਤੁਹਾਨੂੰ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਦੇਣ ਦੀ ਵੀ ਕੋਈ ਲੋੜ ਨਹੀਂ। ਪੁਲਿਸ ਵਾਲੇ ਤੁਹਾਡੇ ਨਾਂਹਪਖੀ ਹੁੰਗਾਰੇ ਦੇ ਅਧਾਰ ਤੇ ਤਲਾਸ਼ੀ ਨਹੀ ਲੈ ਸਕਦੇ।

ਸਵਾਲ: ਜੇ ਏਜੰਟਾਂ ਕੋਲ ਤਲਾਸ਼ੀ ਵਾਰੰਟ ਨਾ ਹੋਣ ਅਤੇ ਮੇਰੇ ਨਾਂਹ ਕਰਨ ਤੇ ਵੀ ਉਹ ਮੇਰੇ ਘਰ ਦੀ ਤਲਾਸ਼ੀ ਲੈਣ ਤੇ ਬਜ਼ਿਦ ਹੋਣ, ਤਾਂ ਫਿਰ ਕੀ ਹੋਏਗਾ?
ਜਵਾਬ: ਤਲਾਸ਼ੀ ਦੇ ਰਾਹ ਵਿਚ ਰੁਕਾਵਟ ਨਾ ਬਣੋਂ, ਜੇ ਕੋਈ ਹੋਰ ਤੁਹਾਡੇ ਕੋਲ ਹੈ, ਤਾਂ ਉਸ (ਮਰਦ ਜਾਂ ਔਰਤ) ਨੂੰ ਕਹੋ ਕਿ ਉਹ ਇਸ ਗੱਲ ਦਾ/ਦੀ ਗਵਾਹ ਹੈ ਕਿ ਤੁਸੀਂ ਤਲਾਸ਼ੀ ਦੀ ਇਜਾਜ਼ਤ ਨਹੀਂ ਦਿੱਤੀ। ਜਿੰਨੀ ਜਲਦੀ ਹੋ ਸਕੇ, ਆਪਣੇ ਵਕੀਲ ਨੂੰ ਬੁਲਾ ਲਓ। ਤਲਾਸ਼ੀ ਲੈਣ ਵਾਲੇ ਅਫ਼ਸਰਾਂ ਦੇ ਨਾਂ ਅਤੇ ਬੈਜ਼ ਨੰਬਰ ਨੋਟ ਕਰ ਲਓ ।

ਸਵਾਲ : ਜੇ ਮੈ ਸਰਕਾਰ ਦੇ ਏਜੰਟਾਂ ਨਾਲ ਗਲਬਾਤ ਕਰਾਂ ਤਾਂ ?
ਜਵਾਬ: ਤੁਸੀ ਜੋ ਵੀ ਕਹੋਗੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਉਹ ਸਭ ਕੁਝ ਤੁਹਾਡੇ ਅਤੇ ਹੋਰਨਾ ਦੇ ਵਿਰੁਧ ਹੀ ਵਰਤਣਗੀਆਂ।ਇਹ ਗੱਲ ਧਿਆਨ ਵਿਚ ਰਖੋ ਕਿ ਸਰਕਾਰੀ ਅਫ਼ਸਰ ਸਾਹਮਣੇ ਝੂਠ ਬੋਲਣਾ ਇਕ ਅਪਰਾਧ ਹੈ। ਜਿੰਨੀ ਦੇਰ ਤਕ ਤੁਸੀ ਆਪਣੇ ਵਕੀਲ ਨਾਲ ਸਲਾਹ ਨਹੀਂ ਕਰਦੇ, ਚੁਪ ਰਹਿਣਾ ਅਪਰਾਧ ਨਹੀਂ ਹੈ।

ਸਵਾਲ : ਜੇ ਪੁਲਿਸ ਮੈਨੂੰ ਸੜਕ ਵਿਚ ਰੋਕੇ ਤਾਂ ਕੀ ਹੋਏਗਾ?
ਜਵਾਬ : ਪੁਛੋ ਕਿ ਤੁਸੀਂ ਜਾ ਸਕਦੇ ਹੋ, ਜੇ ਜਵਾਬ ਹਾਂ ਵਿਚ ਹੋਵੇ ਤਾਂ ਸਮਝੋ ਜਾ ਸਕਦੇ ਹੋ। ਜੇ ਪੁਲਿਸ ਕਹੇ ਕਿ ਤੁਹਾਨੂੰ ਗਿਰਫ਼ਤਾਰ ਨਹੀ ਕੀਤਾ, ਪਰ ਜਾਣ ਦੀ ਇਜਾਜ਼ਤ ਨਹੀ, ਤਾਂ ਤੁਹਾਨੂੰ ਰੋਕ ਲਿਆ ਗਿਆ ਹੈ। ਜੇ ਪੁਲਿਸ ਨੂੰ ਇਹ ਸ਼ੱਕ ਦੀ ਵਜਹ ਹੋਵੇ ਕਿ ਤੁਹਾਡੇ ਕੋਲ ਹਥਿਆਰ ਹੈ ਤੇ ਤੁਸੀ ਖਤਰਨਾਕ ਹੋ ਸਕਦੇ ਹੋ, ਤਾਂ ਉਹ ਤੁਹਾਡੇ ਕਪੜਿਆਂ ਨੂੰ ਉਪਰੋਂ ਹੱਥ ਮਾਰ ਕੇ ਵੇਖਣਗੇ। ਜੇ ਉਹ ਇਸ ਤੋ ਜ਼ਿਆਦਾ ਤਲਾਸ਼ੀ ਲੈਣ ਤਾਂ ਸਾਫ ਕਹਿ ਦਿਓ ਕਿ ਤਲਾਸ਼ੀ ਲਈ ਮੇਰੀ ਰਜ਼ਾਮੰਦੀ ਨਹੀ ਹੈ। ਉਹ ਫ਼ਿਰ ਵੀ ਤਲਾਸ਼ੀ ਲੈ ਸਕਦੇ ਹਨ। ਜੇ ਤੁਹਾਨੂੰ ਗਿਰਫ਼ਤਾਰ ਕਰ ਲਿਆ ਜਾਂਦਾ ਹੈ ਜਾਂ ਰੋਕ ਲਿਆ ਜਾਂਦਾ ਹੈ, ਤਾਂ ਤੁਹਾਨੂੰ ਉਨ੍ਹਾਂ ਦੇ ਕਿਸੇ ਸਵਾਲ ਦਾ ਜਵਾਬ ਦੇਣ ਦੀ ਲੋੜ ਨਹੀਂ, ਇਕ ਜ਼ਰੂਰੀ ਸਵਾਲ ਛੱਡ ਕੇ।ਜਦ ਤੁਹਾਨੂੰ ਰੋਕ ਲਿਆ ਜਾਂਦਾ ਹੈ ਤਾਂ ਪੁਲਿਸ ਇਕ ਵਾਰੀ ਤੁਹਾਡਾ ਨਾਂ ਪੁਛੇਗੀ। ਕਈ ਰਾਜਯਾਂ ਵਿਚ ਨਾ ਜਵਾਬ ਦੇਣ ਤੇ ਤੁਹਾਨੂੰ ਗਿਰਫ਼ਤਾਰ ਕੀਤਾ ਜਾ ਸਕਦਾ ਹੈ।

ਸਵਾਲ: ਜੇ ਪੁਲਿਸ ਮੈਨੂੰ ਮੇਰੀ ਕਾਰ ਵਿਚ ਰੋਕੇ ਤਾਂ ?
ਜਵਾਬ: ਆਪਣੇ ਹੱਥ ਉਥੇ ਰਖੋ, ਜਿਥੋਂ ਪੁਲਿਸ ਉਨ੍ਹਾਂ ਨੂੰ ਵੇਖ ਸਕੇ, ਤਲਾਸ਼ੀ ਲਈ ਤੁਹਾਨੂੰ ਇਜਾਜ਼ਤ ਦੇਣ ਦੀ ਲੋੜ ਨਹੀਂ। ਪਰ ਜੇ ਪੁਲਿਸ ਨੂੰ ਕੋਈ ਕਾਰਨ ਲਗਿਆ ਤਾਂ ਤੁਹਾਡੀ ਕਾਰ ਦੀ ਤਲਾਸ਼ੀ ਲੈ ਸਕਦੀ ਹੈ। ਅਫ਼ਸਰ ਸਵਾਰੀਆਂ ਨੂੰ ਅਤੇ ਡਰਾਇਵਰ ਨੂੰ ਵੱਖ ਵੱਖ ਕਰਕੇ ਸਵਾਲ ਪੁੱਛ ਸਕਦਾ ਹੈ ਅਤੇ ਸਾਰਿਆਂ ਦੇ ਜਵਾਬਾਂ ਨੂੰ ਆਪਸ ਵਿਚ ਮਿਲਾ ਕੇ ਵੇਖ ਸਕਦਾ ਹੈ।

ਸਵਾਲ : ਜੇ ਪੁਲਿਸ ਜਾਂ ਐਫਬੀਆਈ ਮੈਨੂੰ ਗਰੈਂਡ ਜਿਊਰੀ ਦੀ ਅਦਾਲਤ ਵਿਚ ਹਾਜ਼ਰੀ ਭਰਨ ਦੀ ਧਮਕੀ ਦਿੰਦੀ ਹੈ ਅਤੇ ਮੈ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਨਹੀਂ ਦਿੰਦਾ ਤਾਂ ?
ਜਵਾਬ: : ਗਰੈਂਡ ਜਿਊਰੀ ਦੀ ਅਦਾਲਤ ਵਿਚ ਹਾਜ਼ਰੀ ਭਰਨ ਦੀ ਧਮਕੀ 'ਚ ਤੁਹਾਨੂੰ ਲਿਖਤ ਹੁਕਮ ਹੁੰਦਾ ਹੈ ਕਿ ਤੁਸੀਂ ਕਚਹਿਰੀ ਜਾਂ ਕਿ ਜੇ ਤੁਹਾਡੇ ਕੋਲ ਜਾਣਕਾਰੀ ਹੈ ਤਾਂ ਕਚਹਿਰੀ ਜਾ ਕੇ ਬਿਆਨ ਦਿਓ। ਜੇ ਪੁਲਿਸ ਜਾਂ ਐਫਬੀਆਈ ਤੁਹਾਨੂੰ ਦੀ ਅਦਾਲਤ ਵਿਚ ਹਾਜ਼ਰੀ ਭਰਨ ਦੀ ਧਮਕੀ ਲਈ ਡਰਾਵਾ ਦਿੰਦੀ ਹੈ, ਤਾਂ ਤੁਸੀਂ ਉਸੇ ਵੇਲੇ ਕਿਸੇ ਵਕੀਲ ਨੂੰ ਬੁਲਾਓ। ਜੋ ਕੁਝ ਵੀ ਤੁਸੀਂ ਕਹੋਗੇ, ਉਹ ਆਮ ਕਰਕੇ ਤੁਹਾਡੇ ਖ਼ਿਲਾਫ਼ ਵਰਤਿਆ ਜਾਵੇਗਾ।

ਸਵਾਲ : ਜੇ ਮੈਂ ਫੜਿਆ ਗਿਆ, ਤਾਂ ਕੀ ਮੈਨੂੰ ਸਵਾਲਾਂ ਦੇ ਜਵਾਬ ਦੇਣੇ ਪੈਣਗੇ?
ਜਵਾਬ: ਨਹੀਂ ਜੇ ਤੁਸੀ ਗਿਰਫ਼ਤਾਰ ਹੋ ਗਏ, ਤਾਂ ਤੁਹਾਨੂੰ ਕਿਸੇ ਕਿਸਮ ਦਾ ਬਿਆਨ ਜਾਂ ਸਵਾਲਾਂ ਦਾ ਜਵਾਬ ਦੇਣ ਦੀ ਲੋੜ ਨਹੀਂ ਹੈ। ਉਸ ਵੇਲੇ ਇਕ ਵਕੀਲ ਕਰੋ। ਤੁਸੀ ਹਮੇਸ਼ਾ ਕਿਸੇ ਸਵਾਲ ਦਾ ਜਵਾਬ ਦੇਣ ਤੋਂ ਪਹਿਲਾਂ ਵਕੀਲ ਨਾਲ ਗੱਲ ਕਰੋ।

ਸਵਾਲ: ਜੇ ਪੁਲਿਸ ਜਾਂ ਐਫਬੀਆਈ ਨੇ ਮੇਰੇ ਨਾਲ ਮਾੜਾ ਵਿਆਰ ਕੀਤਾ ਹੈ, ਤਾਂ ?
ਜਵਾਬ: ਅਫ਼ਸਰ ਦਾ ਬੈਂਜ ਨੰਬਰ, ਨਾਂ ਅਤੇ ਹੋਰ ਸ਼ਨਾਖਤੀ ਜਾਣਕਾਰੀ ਨੋਟ ਕਰੋ। ਤੁਹਾਨੂੰ ਹਕ ਹੈ ਕਿ ਤੁਸੀ ਅਫ਼ਸਰ ਕੋਲੋ ਇਹ ਜਾਣਕਾਰੀ ਲਓ। ਗਵਾਹਾਂ ਦਾ ਬੰਦੋਬਸਤ ਕਰੋ ਅਤੇ ਉਨ੍ਹਾਂ ਦੇ ਨਾਂ ਅਤੇ ਟੈਲੀਫ਼ੋਨ ਨੰਬਰ ਪ੍ਰਾਪਤ ਕਰੋ। ਜੇ ਤੁਸੀਂ ਜਖਮੀਂ ਹੋ ਗਏ, ਤਾਂ ਦਵਾ ਦਾਰੂ ਦਾ ਪ੍ਰਬੰਧ ਕਰੋ ਅਤੇ ਜਖਮਾਂ ਦੀ ਫੋਟੋ, ਜਿੰਨੀ ਜਲਦੀ ਤੋਂ ਜਲਦੀ ਹੋ ਸਕੇ ਲਓ। ਵਕੀਲ ਨੂੰ ਬੁਲਾਓ।

## II.ਕੀ ਹੋਵੇਗਾ ਜੇ ਮੈਂ ਨਾਗਰਿਕ ਨਾ ਹੋਵਾਂ ਅਤੇ ਡੀਐਚਐਸ ਮੇਰੇ ਨਾਲ ਸੰਪਰਕ ਕਰਦੀ ਹੈ ?

ਆਪਣੇ ਹੱਕਾਂ 'ਤੇ ਜੋਰ ਦਿਓ। ਜੇ ਤੁਸੀਂ ਆਪਣੇ ਹੱਕਾਂ ਦੀ ਰੱਖਿਆ ਨਹੀਂ ਕਰਦੇ ਜਾਂ ਜੇ ਤੁਸੀ ਆਪਣੇ ਹੱਕ ਨੂੰ ਛਡਣ ਸੰਬੰਧੀ ਕਾਗਜਾਂ 'ਤੇ ਦਸਤਖ਼ਤ ਕਰ ਦਿੰਦੇ ਹੋ, ਤਾਂ ਡੀਐਚਐਸ ਤੁਹਾਨੂੰ ਇਕ ਵਕੀਲ ਜਾਂ ਇਕ ਇਮੀਗ੍ਰੇਸ਼ਨ ਜਜ ਤੋਂ ਮਿਲਣ ਤੋਂ ਪਹਿਲਾਂ ਹੀ ਦੇਸ਼ ਵਾਪਸ ਭੇਜ ਸਕਦੀ ਹੈ। ਬਿਨਾ ਪੜ੍ਹੇ, ਸਮਝੇ ਜਾਂ ਕਾਗਜ 'ਤੇ ਦਸਤਖ਼ਤ ਕਰਨ ਦੇ ਨਤੀਜਿਆਂ ਨੂੰ ਸਮਝਣ ਤੋਂ ਬਿਨਾ ਕਿਤੇ ਵੀ ਕਦੀ ਵੀ ਦਸਤਖਤ ਨਾ ਕਰੋ।

ਵਕੀਲ ਨਾਲ ਗੱਲ ਕਰੋ। ਜੇ ਸੰਭਵ ਹੋਵੇ ਤਾਂ ਆਪਣੇ ਕੋਲ ਇਕ ਵਕੀਲ ਦਾ ਨਾਂ ਅਤੇ ਟੈਲੀਫੋਨ ਨੰਬਰ ਰਖੋ, ਜੋ ਤੁਹਾਡੇ ਫੋਨ ਨੂੰ ਸੁਣੇ। ਇਮੀਗ੍ਰੇਸ਼ਨ ਕਾਨੂੰਨ ਸਮਝਣ ਵਿਚ ਮੁਸ਼ਕਿਲ ਹਨ ਅਤੇ ਇਸ ਵਿਚ ਹਾਲ ਵਿਚ ਹੀ ਕਈ ਤਬਦੀ-ਲੀਆਂ ਹੋਈਆਂ ਹਨ।

ਅਜ ਦੇ ਕਾਨੂੰਨਾਂ ਦੇ ਨੇਮਾਂ ਅਤੇ ਡੀਐਚਐਸ ਦੀਆਂ ਹਿਦਾਇਤਾਂ ਦੇ ਅਧਾਰ ਤੇ ਗੈਰ ਨਾਗਰਿਕਾਂ ਦੇ ਆਮ ਤੌਰ ਤੇ ਹੇਠ ਲਿਖੇ ਹੱਕ ਹਨ। ਭਾਂਵੇ ਉਨ੍ਹਾਂ ਦਾ ਇਮੀਗ੍ਰੇਸ਼ਨ ਦਰਜਾ ਕੁਝ ਵੀ ਹੋਵੇ। ਹੇਠ ਲਿਖੀ ਸੂਚਨਾ ਬਦਲ ਸਕਦੀ ਹੈ ਅਤੇ ਇਸ ਲਈ ਇਕ ਵਕੀਲ ਨਾਲ ਸੰਪਰਕ ਬਹੁਤ ਜ਼ਰੂਰੀ ਹੈ।

ਹੇਠ ਲਿਖੇ ਹੱਕ, ਉਨ੍ਹਾਂ ਗੈਰ ਨਾਗਰਿਕਾਂ 'ਤੇ ਲਾਗੂ ਹੁੰਦੇ ਹਨ, ਜੋ ਅਮਰੀਕਾ ਦੇ ਅੰਦਰ ਹਨ। ਉਹ ਗੈਰ ਨਾਗਰਿਕ, ਜੋ ਸਰਹਦ 'ਤੇ ਹਨ ਅਤੇ ਜੋ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਹਨ, ਉਤੇ ਹੋਰ ਪਾਬੰਦੀਆਂ ਹਨ ਅਤੇ ਉਨ੍ਹਾਂ ਦੇ ਹੱਕ ਉਹੋ ਜਿਹੇ ਨਹੀਂ ਹਨ।

ਸਵਾਲ: ਕੀ ਮੈਨੂੰ ਡੀਐਚਐਸ ਦੇ ਕਿਸੇ ਸਵਾਲ ਦੇ ਜਵਾਬ ਦੇਣ ਤੋਂ ਪਹਿਲਾ ਵੀ ਡੀਐਸਐਸ ਦੇ ਕਿਸੇ ਸਵਾਲ ਦਾ ਜਵਾਬ ਦੇਣ ਤੋਂ ਪਹਿਲਾਂ ਜਾਂ ਡੀਐਚਐਸ ਦੇ ਕਿਸੇ ਕਾਗਜ 'ਤੇ ਦਸਤਖ਼ਤ ਕਰਨ ਤੋਂ ਪਹਿਲਾਂ ਵਕੀਲ ਨਾਲ ਗੱਲ ਕਰਨ ਦਾ ਹਕ ਹੈ?
ਜਵਾਬ: ਹਾਂ ਜੇ ਤੁਹਾਨੂੰ ਹਿਰਾਸਤ 'ਚ ਰਖਿਆ ਗਿਆ ਹੈ, ਤਾਂ ਇਕ ਵਕੀਲ ਜਾਂ ਆਪਣੇ ਪਰਿਵਾਰ ਨੂੰ ਫੋਨ ਕਰਨ ਦਾ ਹੱਕ ਹੈ ਅਤੇ ਤੁਹਾਨੂੰ ਹਿਰਾਸਤ ਵਿਚ ਇਕ ਵਕੀਲ ਨਾਲ ਮੁਲਾਕਾਤ ਕਰਨ ਦਾ ਹੱਕ ਹੈ। ਤੁਹਾਨੂੰ ਇਮੀਗ੍ਰੇਸ਼ਨ ਜੱਜ ਸਾਹਮਣੇ ਕਿਸੇ ਸੁਣਵਾਈ ਵੇਲੇ ਆਪਣੇ ਨਾਲ ਆਪਣਾ ਵਕੀਲ ਰਖਣ ਦਾ ਵੀ ਹੱਕ ਹੈ। ਤੁਹਾਨੂੰ ਇਮੀਗ੍ਰੇਸ਼ਨ ਕਾਰਵਾਈਆਂ ਲਈ ਸਰਕਾਰ ਵਲੋਂ ਵੀ ਇਕ ਵਕੀਲ ਲੈਣ ਦਾ ਹੱਕ ਨਹੀ ਹੈ, ਪਰ ਜੇ ਤੁਹਾਨੂੰ ਗਿਰਫ਼ਤਾਰ ਕੀਤਾ ਗਿਆ ਹੈ, ਤਾਂ ਇਮੀਗ੍ਰੇਸ਼ਨ ਅਫ਼ਸਰਾਂ ਵਲੋਂ ਤੁਹਾਨੂੰ ਮੁਫਤ ਜਾਂ ਘਟ ਖ਼ਰਚ ਤੇ ਕਾਨੂੰਨੀ ਸੇਵਾ ਮੁਹਈਆ ਕਰਨ ਵਾਲਿਆਂ ਦੀ ਇਕ ਸੂੱਚੀ ਦੱਸੀ ਜਾਣੀ ਚਾਹੀਦੀ ਹੈ।

ਸਵਾਲ: ਕੀ ਮੈਨੂੰ ਆਪਣਾ ਗ੍ਰੀਨਕਾਰਡ ਜਾਂ ਇਮੀਗ੍ਰੇਸ਼ਨ ਦੇ ਹੋਰ ਕਾਗਜ ਨਾਲ ਲਿਜਾਣੇ ਚਾਹੀਦੇ ਹਨ?
ਜਵਾਬ: ਜੇ ਤੁਹਾਡੇ ਕੋਲ ਅਮਰੀਕਾ 'ਚ ਰਹਿਣ ਵਾਲੇ ਹੱਕ ਦੇਣ ਵਾਲੇ ਦਸਤਾਵੇਜ਼ ਹਨ, ਤਾਂ ਤੁਹਾਨੂੰ ਇਨ੍ਹਾਂ ਨੂੰ ਆਪਣੇ ਕੋਲ ਰਖਣਾ ਚਾਹੀਦਾ ਹੈ। ਡੀਐਚਐਸ ਨੂੰ ਜਾਰੀ ਜਾਂ ਬੀਤ ਚੁਕੀ ਮਿਆਦ ਵਾਲੇ ਦਸਤਾਵੇਜ਼ ਪੇਸ਼ ਕਰਨ ਨਾਲ ਤੁਹਾਨੂੰ ਦੇਸ਼ ਵਾਪਸ ਭੇਜਿਆ ਜਾ ਸਕਦਾ ਹੈ ਜਾਂ ਤੁਹਾਡੇ 'ਤੇ ਮੁਕਦਮਾ ਚਲਾਇਆ ਜਾ ਸਕਦਾ ਹੈ। ਇਕ ਮੌਜੂਦਾ ਗ੍ਰੀਨਕਾਰਡ, ਆਈ-94 (I-94), ਰੁਜਗਾਰ ਅਧਿਕਾਰ ਕਾਰਡ, ਸਰਹਦ ਪਾਰ ਕਰਨ ਸਬੰਧੀ ਕਾਰਡ (Employment Authorization Card, Border Crossing Card) ਜਾਂ ਹੋਰ ਕਾਗਜ, ਜੋ ਤੁਹਾਡੇ ਕਾਨੂੰਨੀ ਦਰਜੇ ਨੂੰ ਸਿਧ ਕਰਦੇ ਹਨ, ਇਸ ਲੋੜ ਨੂੰ ਪੂਰਾ ਕਰਨਗੇ। ਜੇ ਤੁਸੀ ਇਹ ਕਾਗਜ ਆਪਣੇ ਨਾਲ ਨਹੀਂ ਰਖਦੇ ਹੋ, ਤਾਂ ਤੁਹਾਨੂੰ ਇਕ ਛੋਟੇ ਜੁਰਮ ਦਾ ਦੋਸ਼ੀ ਮੰਨਿਆ ਜਾ

ਸਕਦਾ ਹੈ। ਆਪਣੇ ਇਮੀਗ੍ਰੇਸ਼ਨ ਕਾਗਜਾਂ ਦੀ ਇਕ ਨਕਲ ਹਮੇਸ਼ਾ ਪਰਿਵਾਰ ਦੇ ਇਕ ਭਰੋਸੇਯੋਗ ਮੈਂਬਰ ਜਾਂ ਇਕ ਦੋਸਤ ਕੋਲ ਰਖੋ, ਜੋ ਲੋੜ ਪੈਣ ਤੇ ਇਸਨੂੰ ਤੁਹਾਨੂੰ ਫੈਕਸ ਕਰ ਸਕੇ। ਆਪਣੇ ਇਮੀਗ੍ਰੇਸ਼ਨ ਵਕੀਲ ਨਾਲ ਆਪਣੇ ਵਿਸ਼ੇਸ਼ ਕੇਸ਼ ਬਾਰੇ ਗਲ ਕਰੋ, ਤੁਹਾਨੂੰ ਆਪਣੀ ਸ਼ਨਾਖ਼ਤ, ਪੁਲਿਸ ਅਫ਼ਸਰਾਂ, ਸਰਹਦੀ ਗਸ਼ਤ ਵਾਲੀ ਏਜੰਸੀ ਅਤੇ ਹਵਾਈ ਜਹਾਜ ਦੇ ਪਾਇਲਟਾਂ ਨੂੰ ਵੀ ਵਿਖਾਉਣ ਪੈਣਗੇ।

**ਸਵਾਲ: ਕੀ ਮੈਨੂੰ ਆਪਣੇ ਇਮੀਗ੍ਰੇਸ਼ਨ ਪਿਛੋਕੜ ਬਾਰੇ ਸਰਕਾਰੀ ਅਫ਼ਸਰਾਂ ਨਾਲ ਗੱਲਬਾਤ ਕਰਨ ਦੀ ਲੋੜ ਹੈ?**

ਜਵਾਬ: ਇਕ ਵਾਰੀ ਆਪਣੇ ਦਰਜ਼ੇ ਦੇ ਦਸਤਾਵੇਜ਼ ਦਿਖਾਉਣ ਮਗਰੋਂ, ਇਹ ਤੁਹਾਡੇ 'ਤੇ ਹੈ – ਕਿ ਤੁਸੀਂ ਅਫ਼ਸਰਾਂ ਨਾਲ ਹੋਰ ਕੋਈ ਗਲਬਾਤ ਨਾ ਕਰੋ। ਆਪਣੀ ਸਥਿਤੀ ਮੁਤਾਬਿਕ, ਇਹ ਤੁਹਾਡੇ ਲਈ ਬਿਹਤਰ ਰਹੇਗਾ ਕਿ ਤੁਸੀਂ ਚੁਪ ਰਹੋ ਅਤੇ ਪਹਿਲਾਂ ਆਪਣੇ ਵਕੀਲ ਨਾਲ ਗੱਲ ਕਰੋ। ਇਮੀਗ੍ਰੇਸ਼ਨ ਕਾਨੂੰਨ ਬਹੁਤ ਗੁੰਝਲਦਾਰ ਹੈ। ਇਸਨੂੰ ਸਮਝੇ ਬਗੈਰ ਤੁਸੀਂ ਮੁਸੀਬਤ ਵਿੱਚ ਫਸ ਸਕਦੇ ਹੋ। ਇਕ ਵਕੀਲ ਤੁਹਾਡੇ ਹੱਕਾਂ ਦੀ ਰਾਖੀ ਕਰ ਸਕਦਾ ਹੈ, ਤੁਹਾਨੂੰ ਸਲਾਹ ਦੇ ਸਕਦਾ ਹੈ ਅਤੇ ਅਜਿਹੇ ਸਵਾਲਾਂ ਦੇ ਜਵਾਬਾਂ ਤੋਂ ਬਚਾ ਸਕਦਾ ਹੈ, ਜੋ ਤੁਹਾਨੂੰ ਨੁਕਸਾਨ ਪਹੁੰਚਾ ਸਕਦੇ ਹਨ। ਜੇਕਰ ਡੀਐਚਐਸ ਤੁਹਾਡੇ ਸਿਆਸੀ ਅਤੇ ਧਾਰਮਿਕ ਵਿਸ਼ਵਾਸ਼, ਸਮੂਹਾਂ ਜਿਹਨਾਂ ਵਲ ਤੁਸੀਂ ਸਬੰਧਿਤ ਹੋ, ਜਿਨ੍ਹਾਂ ਨਾਲ ਯੋਗਦਾਨ ਕਰਦੇ ਹੋ ਬਾਰੇ ਕੁਝ ਵੀ ਪੁਛ ਸਕਦੀ ਹੈ। ਜਿਹਨਾਂ ਗੱਲਾਂ ਬਾਰੇ ਦੱਸਿਆ ਹੈ, ਤੁਸੀਂ ਕਿਥੋ ਆਏ ਹੋ ਜਾਂ ਹੋਰ ਸਵਾਲ ਜੋ ਸਹੀ ਨਹੀਂ ਹੋ ਸਕਦੇ, ਤੁਹਾਨੂੰ ਉਹਨਾਂ ਦੇ ਜਵਾਬ ਦੇਣ ਦੀ ਲੋੜ ਨਹੀਂ ਹੈ। ਜੇਕਰ ਕਿਸੇ ਅਫ਼ਸਰ ਕੋਲ ਵਾਰੰਟ ਨਹੀਂ ਹਨ, ਤਾਂ ਉਹ ਤੁਹਾਡੇ ਘਰ 'ਚ ਜਾਂ ਕਿਸੇ ਹੋਰ ਪ੍ਰਾਈਵੇਟ ਥਾਂ 'ਚ ਤੁਹਾਡੇ ਇਮੀਗ੍ਰੇਸ਼ਨ ਦਰਜ਼ੇ ਦੇ ਦਸਤਾਵੇਜ਼ ਵਿਖਾਉਣ ਲਈ ਨਹੀਂ ਕਹਿ ਸਕਦਾ।

**ਸਵਾਲ: ਜੇ ਮੈਨੂੰ ਇਮੀਗ੍ਰੇਸ਼ਨ ਉਲੰਘਣਾ ਲਈ ਗਿਰਫ਼ਤਾਰ ਕੀਤਾ ਗਿਆ ਹੋਵੇ ਤਾਂ ਕੀ ਮੇਰੇ ਕੋਲ ਦੇਸ਼ ਵਾਪਸ ਭੇਜੇ ਜਾਣ ਸਬੰਧੀ ਕੇਸ਼ਾਂ ਬਾਰੇ ਇਮੀਗ੍ਰੇਸ਼ਨ ਜੱਜ ਸਾਹਮਣੇ ਆਪਣੀ ਸਫ਼ਾਈ ਲਈ ਸੁਣਵਾਈ ਦਾ ਹੱਕ ਹੈ?**

ਜਵਾਬ: ਹਾਂ। ਸਿਰਫ਼ ਬਹੁਤੇ ਕੇਸ਼ਾਂ ਵਿੱਚ ਇਮੀਗ੍ਰੇਸ਼ਨ ਜੱਜ ਤੁਹਾਨੂੰ ਵਾਪਸ ਭੇਜੇ ਜਾਣ ਦਾ ਫ਼ੈਸਲਾ ਕਰ ਸਕਦਾ ਹੈ। ਪਰ ਜੇ ਤੁਸੀਂ ਆਪਣੇ ਹੱਕੜਦੱਸ ਦਿੰਦੇ ਹੋ ਜਾਂ ਦੇਸ਼ ਛੱਡਣ ਲਈ ਸਹਿਮਤ ਹੋ ਜਾਂ "ਸ੍ਵੈਇਛੱਕ ਵਾਪਸੀ" ਲੈਂਦੇ ਹੋ, ਤਾਂ ਤੁਹਾਨੂੰ ਬਿਨਾ ਸੁਣਵਾਈ ਦੇ ਵਾਪਸ ਭੇਜਿਆ ਜਾ ਸਕਦਾ ਹੈ। ਜੇ ਤੁਹਾਨੂੰ ਫ਼ੌਜਦਾਰੀ ਸਜ਼ਾ ਮਿਲੀ ਹੈ, ਸਰਹਦ 'ਤੇ ਗਿਰਫ਼ਤਾਰ ਕੀਤੇ ਗਏ ਸੀ, ਅਮਰੀਕਾ ਵੀਜ਼ਾ ਛੋਟ ਪ੍ਰੋਗਰਾਮ ਰਾਹੀਂ ਆਏ ਹੋ ਜਾਂ ਪਹਿ ਜਿਹੇ ਤੁਹਾਨੂੰਵਾਪਸ ਭੇਜੇ ਜਾਣ ਦੇ ਆਦੇਸ਼ ਦਿਤੇ ਗਏ ਹਨ, ਤਾਂ ਤੁਹਾਨੂੰ ਬਿਨਾਂ ਸੁਣਵਾਈ ਦੇ ਵਾਪਸ ਭੇਜਿਆ ਜਾ ਸਕਦਾ ਹੈ। ਇਹ ਪਤਾ ਲਾਉਣ ਲਈ ਕਿ ਤੁਹਾਨੂੰ ਕੋਈ ਛੋਟ ਮਿਲ ਸਕਦੀ ਹੈ ਫ਼ੌਰਨ ਇਕ ਵਕੀਲ ਨਾਲ ਸੰਪਰਕ ਕਰੋ।

**ਸਵਾਲ: ਕੀ ਮੈਂ ਗਿਰਫ਼ਤਾਰ ਹੋਣ 'ਤੇ ਆਪਣੇ ਕੌਂਸਲਖ਼ਾਨੇ ਨਾਲ ਗੱਲ ਕਰ ਸਕਦਾ ਹਾਂ?**

ਜਵਾਬ: ਹਾਂ। ਅਮਰੀਕਾ ਵਿਚ ਗਿਰਫ਼ਤਾਰ ਕੀਤੇ ਗਏ ਗ਼ੈਰ ਨਾਰਗਿਕਾਂ ਨੂੰ ਆਪਣੇ ਕੌਂਸਲਖ਼ਾਨੇ ਨੂੰ ਫੋਨ ਕਰਨ ਜਾਂ ਪੁਲਿਸ ਵਲੋਂ ਕੌਂਸਲਖ਼ਾਨੇ ਨੂੰ ਤੁਹਾਡੀ ਗਿਰਫ਼ਤਾਰੀ ਬਾਰੇ ਦੱਸਣ ਦਾ ਹੱਕ ਹੈ। ਕੌਂਸਲਖ਼ਾਨੇ ਦੇ ਅਫ਼ਸਰ ਤੁਹਾਨੂੰ ਕੌਂਸਲਖ਼ਾਨੇ ਬੁਲਾਉਣ ਜਾਂ ਤੁਹਾਡੇ ਵਲੋਂ ਗੱਲ ਕਰਨ ਦਾ ਫ਼ੈਸਲਾ ਕਰਨ, ਤਾਂ ਪੁਲਿਸ ਨੂੰ ਇੰਜ ਕਰਨ ਦੇਣਾ ਚਾਹੀਦਾ ਹੈ। ਤੁਹਾਡਾ ਕੌਂਸਲਖ਼ਾਨਾ ਤੁਹਾਨੂੰ ਵਕੀਲ ਲੱਭਣ ਵਿਚ ਮਦਦ ਜਾਂ ਹੋਰ ਮਦਦ ਦੀ ਪੇਸ਼ਕਸ਼ ਕਰ ਸਕਦਾ ਹੈ।

**ਸਵਾਲ:ਕੀ ਹੋਵੇਗਾ, ਜੇ ਮੈਂ ਸੁਣਵਾਈ ਦੇ ਆਪਣੇ ਹੱਕ ਨੂੰ ਛੱਡ ਦਿਆਂ ਜਾਂ ਸੁਣਵਾਈ ਖ਼ਤਮ ਹੋਣ ਤੋਂ ਪਹਿਲਾ ਅਮਰੀਕਾ ਛੱਡ ਦਿਆ?**

ਜਵਾਬ: ਤੁਸੀਂ ਇਮੀਗ੍ਰੇਸ਼ਨ ਦੇ ਕੁਝ ਲਾਭਾਂ ਲਈ ਆਪਣੀ ਯੋਗਤਾ ਗੁਆ ਸਕਦੇ ਹੋ ਅਤੇ ਤੁਹਾਡੇ 'ਤੇ ਭਵਿਖ 'ਚ ਕੁਝ ਸਾਲਾਂ ਲਈ ਅਮਰੀਕਾ ਵਾਪਸ ਆਉਣ 'ਤੇ ਪਾਬੰਦੀ ਲਗ ਸਕਦੀ ਹੈ। ਤੁਹਾਨੂੰ ਫ਼ੈਸਲਾ ਕਰਨ ਤੋਂ ਪਹਿਲਾ ਇਮੀਗ੍ਰੇਸ਼ਨ ਵਕੀਲ ਨਾਲ ਗੱਲਬਾਤ ਜ਼ਰੂਰ ਕਰਨੀ ਚਾਹੀਦੀ ਹੈ।

**ਸਵਾਲ: ਜੇ ਮੈਂ ਡੀਐਚਐਸ ਨਾਲ ਸੰਪਰਕ ਕਰਨਾ ਚਾਹਵਾਂ, ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?**

ਜਵਾਬ: ਡੀਐਚਐਸ ਨਾਲ ਸੰਪਰਕ ਇਥੋਂ ਤੱਕ ਕਿ ਫੋਨ 'ਤੇ ਵੀ ਸੰਪਰਕ ਕਰਨ ਤੋਂ ਪਹਿਲਾਂ, ਹਮੇਸ਼ਾ ਵਕੀਲ ਨਾਲ ਗੱਲ ਕਰੋ। ਡੀਐਚਐਸ ਦੇ ਕਈ ਅਫ਼ਸਰ "ਐਨਫ਼ੋਰਸਮੈਂਟ" ਨੂੰ ਆਪਣੇ ਮੁਢਲੇ ਕੰਮ ਵਜੋਂ ਵੇਖਦੇ ਹਨ ਅਤੇ ਤੁਹਾਨੂੰ ਤੁਹਾਡੇ ਸਾਰੇ ਵਿਕਲਪਾਂ ਬਾਰੇ ਨਹੀਂ ਦਸਣਗੇ।

## III. ਹਵਾਈ ਅੱਡੇ 'ਤੇ ਮੇਰੇ ਕੀ ਹੱਕ ਹਨ?

ਮਹੱਤਵਪੂਰਣ ਸੂਚਨਾ : ਕਾਨੂੰਨ ਲਾਗੂ ਕਰਨ ਲਈ ਤੁਹਾਡੀ ਨਸਲ, ਰਾਸ਼ਟਰੀ ਮੂਲ, ਧਰਮ, ਲਿੰਗ ਜਾਂ ਜਾਤ ਦੇ ਅਧਾਰ 'ਤੇ ਹੇਠ ਲਿਖਿਆਂ ਚੋਂ ਕੋਈ ਵੀ ਰੋਕ, ਤਲਾਸ਼ੀ ਹਿਰਾਸਤ ਜਾਂ ਹਟਾਉਣਾ ਦੀ ਕਾਰਵਾਈ ਕਰਨਾ ਗ਼ੈਰ ਕਾਨੂੰਨੀ ਹੈ।

**ਸਵਾਲ: ਜੇ ਮੈਂ ਅਮਰੀਕਾ 'ਚ ਸਫ਼ਰ ਦੇ ਜਾਇਜ਼ ਕਾਗਜ਼ਾਂ ਨਾਲ ਦਾਖ਼ਿਲ ਹੋ ਰਿਹਾ ਹਾਂ, ਤਾਂ ਕੀ ਅਮਰੀਕਾ ਦਾ ਕਸਟਮ ਅਫ਼ਸਰ ਮੈਨੂੰ ਰੋਕ ਜਾਂ ਮੇਰੀ ਤਲਾਸ਼ੀ ਲੈ ਸਕਦਾ ਹੈ?**

ਜਵਾਬ: ਹਾਂ। ਕਸਟਮ ਏਜੰਟਾਂ ਨੂੰ ਹਰੇਕ ਵਿਅਕਤੀ ਅਤੇ ਵਸਤੂ ਨੂੰ ਰੋਕਣ, ਹਿਰਾਸਤ 'ਚ ਰਖਣ ਜਾਂ ਤਲਾਸ਼ੀ ਲੈਣ ਦਾ ਹੱਕ ਹੈ।

**ਸਵਾਲ: ਡਿਟੈਕਟਰਾਂ ਰਾਹੀਂ ਬਿਨਾ ਕਿਸੇ ਸਮਸਿਆ ਦੇ ਲੰਘਣ ਜਾਂ ਸਿਕਿਓਰਿਟੀ ਵਲੋਂ ਇਹ ਵੇਖੇ ਜਾਣ ਮਗਰੋਂ ਕਿ ਸਕੈਨਰ 'ਤੇ ਜੋ ਕੁਝ ਨਜ਼ਰ ਆਇਆ ਹਥਿਆਰ ਨਹੀਂ ਸੀ, ਕੀ ਮੇਰੇ ਬੈਗ ਜਾਂ ਮੇਰੀ ਤਲਾਸ਼ੀ ਲਈ ਜਾ ਸਕਦੀ ਹੈ?**

ਜਵਾਬ: ਹਾਂ। ਤੁਹਾਡੇ ਬੈਗ ਦੇ ਮੁਢਲੇ ਨਿਰੀਖਣ ਵਿਚ ਕੁਝ ਵੀ ਨਾ ਮਿਲਣ ਦੇ ਬਾਵਜੂਦ, ਨਿਰੀਖਣ ਕਰਨ ਵਾਲਿਆਂ ਨੂੰ ਤੁਹਾਡੇ ਬੈਗ ਦੀ ਤਲਾਸ਼ੀ ਲੈਣ ਦਾ ਹੱਕ ਹੈ।

**ਸਵਾਲ: ਜੇ ਮੈਂ ਹਵਾਈ ਜਹਾਜ਼ 'ਤੇ ਹਾਂ। ਕੀ ਹਵਾਈ ਜਹਾਜ਼ ਦਾ ਇਕ ਕਰਮਚਾਰੀ ਮੇਰੇ ਤੋ ਪੁਛਗਿੱਛ ਕਰ ਸਕਦਾ ਹੈ, ਜਾਂ ਮੈਨੂੰ ਹਵਾਈ ਜਹਾਜ਼ 'ਚੋਂ ਉਤਰਣ ਲਈ ਕਹਿ ਸਕਦਾ ਹੈ?**

ਜਵਾਬ: ਹਵਾਈ ਜਹਾਜ਼ ਦੇ ਪਾਇਲਟ ਨੂੰ, ਜੇ ਉਹ ਸਮਝਦਾ ਜਾਂ ਸਮਝਦੀ ਹੈ ਕਿ ਮੁਸਾਫਿਰ ਉਡਾਣ ਦੀ ਸੁਰਖਿਆ ਲਈ ਖ਼ਤਰਾ ਹੈ, ਮੁਸਾਫਿਰ ਨੂੰ ਜਹਾਜ਼ 'ਚ ਲਿਜਾਉਣ ਤੋਂ ਮਨ੍ਹਾ ਕਰਨ ਦਾ ਹੱਕ ਹੈ। ਪਾਇਲਟ ਦਾ ਫ਼ੈਸਲਾ ਤਰਕਯੋਗ ਅਤੇ ਤੁਹਾਡੇ ਵਿਹਾਰ ਦੇ ਅਧਿਅਨ 'ਤੇ ਅਧਾਰਤ ਹੋਣਾ ਚਾਹੀਦਾ ਹੈ, ਨਾ ਕਿ ਕੱਟੜਤਾ ਦੇ ਅਧਾਰ 'ਤੇ।

ਜੇ ਤੁਹਾਨੂੰ ਹਵਾਈ ਅੱਡੇ 'ਤੇ ਤੰਗ ਪਰੇਸ਼ਾਨ ਕੀਤਾ ਗਿਆ ਹੈ ਤਾਂ ਕਿਰਪਾ ਕਰਕੇ ਮੁਸਾਫ਼ਿਰ ਪ੍ਰੋਫਾਇਲਿੰਗ ਸ਼ਿਕਾਇਤ ਫ਼ਾਰਮ (Passenger Profiling Complaint Form) ਭਰੋ, ਜੋ ਤੁਹਾਨੂੰ, ਸਾਡੀ ਵੈਬਸਾਈਟ www.aclu.org/airlineprofiling ਦੇ ਨਸਲੀ ਬਰਾਬਰੀ ਬਾਰੇ ਸੈਕਸ਼ਨ ਵਿਚ ਮਿਲ ਸਕਦਾ ਹੈ।

### ਹਵਾਲਾ ਸੰਪਰਕ ਜਾਣਕਾਰੀ

ਅਮਰੀਕੀ-ਅਰਬ ਪੱਖਪਾਤ ਵਿਰੋਧੀ ਕਮੇਟੀ (American-Arab Anti-Discrimination Committee) (ADC):
(202) 244-2990

ਅਮਰੀਕੀ ਇਮੀਗ੍ਰੇਸ਼ਨ ਲਾਇਅਰ'ਜ਼ ਐਸੋਸੀਏਸ਼ਨ (American Immigration Lawyers Association) (AILA):
1-800-954-0254

ਏਸ਼ਿਆਈ ਅਮਰੀਕੀ ਕਾਨੂੰਨੀ ਸੁਰਖਿਆ ਅਤੇ ਸਿਖਿਆ ਫ਼ੰਡ (Asian American Legal Defense and Education Fund) (AALDEF):
(212) 966-5932

ਅਮਰੀਕੀ-ਇਸਲਾਮੀ ਸਬੰਧਾਂ ਬਾਰੇ ਕੌਂਸਲ (Council on American-Islamic Relations) (CAIR):
(202) 488-8787

ਨੈਸ਼ਨਲ ਲਾਇਅਰਜ਼ ਗਿਲਡ (National Lawyers Guild):
(212) 679-5100

ਨੈਸ਼ਨਲ ਇਮੀਗ੍ਰੇਸ਼ਨ ਪ੍ਰੌਜੈਕਟ (National Immigration Project):
(617) 227-9727

ਸਿਵਿਲ ਹੱਕਾਂ ਬਾਰੇ ਅਮਰੀਕੀ ਕਮਿਸ਼ਨ (U.S. Commission on Civil Rights) (UCCR):
(800) 552-6843

ਦੱਖਣ ਏਸ਼ਿਆਈ ਨੈਟਵਰਕ (South Asian Network) (SAN):
(562) 403-0488

---

ਪ੍ਰਕਾਸਿਤਕਰਤਾ:
ਨਸਲੀ ਅਧਾਰ 'ਤੇ ਤੰਗ ਪਰੇਸ਼ਾਨ ਕੀਤੇ ਜਾਣ ਵਿਰੁਧ ਏਸੀਐਲਯੁ ਮੁਹਿੰਮ

---

ਅਮਰੀਕਨ ਸਿਵਿਲ ਲਿਬਰਟੀਜ਼ ਯੂਨੀਅਨ ਦੇਸ਼ ਦੀ ਅਜ਼ਾਦੀ ਸਬੰਧੀ ਪ੍ਰਮੁਖ ਸਰਪ੍ਰਸਤ ਏਜੰਸੀ ਹੈ, ਇਹ ਸੰਵਿਧਾਨ ਅਤੇ ਅਮਰੀਕਾ ਦੇ ਕਾਨੂੰਨ ਵਲੋਂ ਗਰੰਟੀਆਂ ਵਿਅਕਤੀਗਤ ਹੱਕਾਂ ਅਤੇ ਅਜ਼ਾਦੀ ਦੀ ਰਾਖੀ ਅਤੇ ਇਹਨਾਂ ਦੀ ਸੰਭਾਲ ਲਈ ਰੋਜ਼ਾਨਾ, ਅਦਾਲਤਾਂ, ਵਿਧਾਨਕਾਰੀ ਸੰਸਥਾਵਾਂ ਅਤੇ ਭਾਈਚਾਰਿਆਂ 'ਚ ਕੰਮ ਕਰਦੀ ਹੈ।

ਅਫ਼ਸਰ ਅਤੇ ਡਾਇਰੈਕਟਰ

NADINE STROSSEN, ਪ੍ਰਧਾਨ
ANTHONY ROMERO, ਐਗਜ਼ੀਕਿਊਟਿਵ ਡਾਇਰੈਕਟਰ
KENNETH B. CLARK, ਚੇਅਰਪਰਸਨ, ਐਗਜ਼ੀਕਿਊਟਿਵ ਸਲਾਹਕਾਰੀ ਕੌਂਸਲ
RICHARD ZACKS, ਖ਼ਜ਼ਾਨਚੀ

10/24/03 ਨੂੰ ਸੋਧ ਕੀਤੀ ਗਈ

# ਆਪਣੇ ਹੱਕਾਂ ਬਾਰੇ ਜਾਣੋ

## ਪੁਲਿਸ ਐਫ਼ਬੀਆਈ, ਕਸਟਮ ਏਜੰਟਾਂ ਜਾਂ ਇਮੀਗ੍ਰੇਸ਼ਨ ਅਫ਼ਸਰਾਂ ਵਲੋਂ ਪੁਛਗਿਛ ਕੀਤੇ ਜਾਣ ਤੇ ਕੀ ਕਰੋ

ACLU
AMERICAN CIVIL LIBERTIES UNION

PUNJABI